# 65 ਸਾਲ ਜਾਂ ਉਸਤੋਂ ਵੱਡੀ ਉਮਰ ਦੇ ਵਿਅਕਤੀ

## ਨਿਊਮੋਕੋਕਲ ਟੀਕਾਕਰਣ ਪ੍ਰਾਪਤ ਕਰੋ



**ਜਲਦੀ ਹੀ ਟੀਕਾ ਲਗਵਾਉ!**

**ਗੰਭੀਰ ਜਾਂ ਇੱਥੋਂ ਤੱਕ ਕਿ ਜਾਨਲੇਵਾ ਇਨਵੇਸਿਵ ਨਿਊਮੋਕੋਕਲ ਬਿਮਾਰੀ ਤੋਂ ਰੋਕਥਾਮ ਕਰੋ**

CHP
Centre for Health Protection

Department of Health

## 1. ਬਜ਼ੁਰਗਾਂ ਨੂੰ ਨਿਊਮੋਕੋਕਲ ਟੀਕਾਕਰਣ ਕਿਉਂ ਕਰਵਾਉਣਾ ਚਾਹੀਦਾ ਹੈ?

ਹਾਲਾਂਕਿ ਨਿਊਮੋਕੋਕਲ ਇਨਫੈਕਸ਼ਨ ਆਮ ਤੌਰ 'ਤੇ ਸਾਈਨਸ ਜਾਂ ਵਿਚਕਾਰਲੇ ਕੰਨ ਦੀ ਇਨਫੈਕਸ਼ਨ ਵਰਗੀਆਂ ਹਲਕੀਆਂ ਬਿਮਾਰੀਆਂ ਦਾ ਕਾਰਨ ਬਣਦੀ ਹੈ, ਇਹ ਬੈਕਟੀਰੀਆਮਿਕ ਨਮੂਨੀਆ, ਸੈਪਸਿਸ ਅਤੇ ਮੈਨਿਨਜਾਈਟਿਸ ਵਰਗੀਆਂ ਗੰਭੀਰ ਜਾਂ ਜਾਨਲੇਵਾ ਇਨਵੇਸਿਵ ਨਿਊਮੋਕੋਕਲ ਬਿਮਾਰੀਆਂ (IPD) ਦਾ ਕਾਰਨ ਵੀ ਬਣ ਸਕਦੀ ਹੈ। IPD ਦੇ ਨਤੀਜੇ ਆਮ ਤੌਰ 'ਤੇ ਬਜ਼ੁਰਗਾਂ ਵਿੱਚ ਵਧੇਰੇ ਗੰਭੀਰ ਹੁੰਦੇ ਹਨ। ਇਸ ਲਈ, ਬਜ਼ੁਰਗਾਂ ਲਈ ਨਿਊਮੋਕੋਕਲ ਟੀਕਾਕਰਨ ਖਾਸ ਤੌਰ 'ਤੇ ਮਹੱਤਵਪੂਰਨ ਹੈ।

## 2. ਬਜ਼ੁਰਗਾਂ ਨੂੰ ਕਿਸ ਕਿਸਮ ਦਾ ਨਿਊਮੋਕੋਕਲ ਟੀਕਾ ਲਗਵਾਉਣਾ ਚਾਹੀਦਾ ਹੈ?

ਸਰਕਾਰ ਹਾਂਗ ਕਾਂਗ ਦੇ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਨਿਵਾਸੀਆਂ ਨੂੰ ਹੇਠ ਲਿਖੇ ਅਨੁਸਾਰ **ਮੁਫ਼ਤ** ਜਾਂ **ਸਬਸਿਡੀ ਵਾਲਾ** ਨਿਊਮੋਕੋਕਲ ਟੀਕਾਕਰਨ ਪ੍ਰਦਾਨ ਕਰੇਗੀ:

### **ਉੱਚ-ਜੋਖਮ ਵਾਲੀਆਂ ਸਥਿਤੀਆਂ*** ਤੋਂ ਬਿਨਾਂ ਬਜ਼ੁਰਗ ਵਿਅਕਤੀ

- ਜਿਨ੍ਹਾਂ ਨੇ ਪਹਿਲਾਂ ਨਿਊਮੋਕੋਕਲ ਟੀਕਾਕਰਨ ਨਹੀਂ ਕਰਵਾਇਆ ਹੈ, ਉਨ੍ਹਾਂ ਨੂੰ 23-ਵੈਲੇਂਟ ਨਿਊਮੋਕੋਕਲ ਪੋਲੀਸੈਕਰਾਈਡ ਟੀਕੇ (23vPPV) ਦੀ ਇੱਕ ਖੁਰਾਕ ਲੈਣੀ ਚਾਹੀਦੀ ਹੈ;
- ਜਿਨ੍ਹਾਂ ਨੂੰ ਪਹਿਲਾਂ ਹੀ 23vPPV, 13-ਵੈਲੇਂਟ ਨਿਊਮੋਕੋਕਲ ਕੰਜੂਗੇਟ ਵੈਕਸੀਨ (PCV13) ਜਾਂ 15-ਵੈਲੇਂਟ ਨਿਊਮੋਕੋਕਲ ਕੰਜੂਗੇਟ ਵੈਕਸੀਨ (PCV15) ਮਿਲ ਚੁੱਕੀ ਹੈ, ਉਨ੍ਹਾਂ ਨੂੰ ਮੋਪ ਅੱਪ ਟੀਕਾਕਰਨ ਦੀ ਲੋੜ ਨਹੀਂ ਹੈ।

### **ਉੱਚ-ਜੋਖਮ ਵਾਲੀਆਂ ਸਥਿਤੀਆਂ*** ਵਾਲੇ ਬਜ਼ੁਰਗ ਵਿਅਕਤੀ

- ਜਿਨ੍ਹਾਂ ਨੇ ਪਹਿਲਾਂ ਨਿਊਮੋਕੋਕਲ ਟੀਕਾਕਰਨ ਨਹੀਂ ਕਰਵਾਇਆ ਹੈ, ਉਨ੍ਹਾਂ ਨੂੰ PCV15 ਦੀ ਇੱਕ ਖੁਰਾਕ ਲੈਣੀ ਚਾਹੀਦੀ ਹੈ, ਉਸ ਤੋਂ ਬਾਅਦ **ਇੱਕ ਸਾਲ ਬਾਅਦ** 23vPPV ਦੀ ਇੱਕ ਖੁਰਾਕ ਲੈਣੀ ਚਾਹੀਦੀ ਹੈ;
- ਜੋ ਪਹਿਲਾਂ ਹੀ 23vPPV ਪ੍ਰਾਪਤ ਕਰ ਚੁੱਕੇ ਹਨ, ਉਨ੍ਹਾਂ ਨੂੰ ਪਿਛਲੇ 23vPPV ਲੈਣ ਦੇ **ਇੱਕ ਸਾਲ ਬਾਅਦ** PCV15 ਦੀ ਇੱਕ ਖੁਰਾਕ ਪ੍ਰਾਪਤ ਕਰਨੀ ਚਾਹੀਦੀ ਹੈ;
- ਜਿਨ੍ਹਾਂ ਨੂੰ ਪਹਿਲਾਂ ਹੀ PCV13 ਜਾਂ PCV15 ਮਿਲ ਚੁੱਕਾ ਹੈ, ਉਨ੍ਹਾਂ ਨੂੰ ਪਿਛਲੇ PCV13 ਜਾਂ PCV15 ਟੀਕਾਕਰਨ ਤੋਂ **ਇੱਕ ਸਾਲ ਬਾਅਦ** 23vPPV ਦੀ ਇੱਕ ਖੁਰਾਕ ਮਿਲਣੀ ਚਾਹੀਦੀ ਹੈ।

## 3. ਬਜ਼ੁਰਗ ਵਿਅਕਤੀ ਨਿਊਮੋਕੋਕਲ ਟੀਕਾਕਰਨ ਲਈ ਕਿੱਥੇ ਜਾ ਸਕਦੇ ਹਨ?

### ਟੀਕਾਕਰਨ ਸਬਸਿਡੀ ਸਕੀਮ (VSS)




ਬਜ਼ੁਰਗ ਲੋਕ ਸਰਕਾਰ ਦੁਆਰਾ ਪ੍ਰਦਾਨ ਕੀਤੀ ਜਾਂਦੀ **ਸਬਸਿਡੀ ਨਾਲ** ਟੀਕਾਕਰਨ ਸਬਸਿਡੀ ਸਕੀਮ ਵਿੱਚ ਨਾਮਜ਼ਦ ਪ੍ਰਾਈਵੇਟ ਡਾਕਟਰਾਂ ਤੋਂ ਨਿਊਮੋਕੋਕਲ ਟੀਕਾਕਰਨ ਪ੍ਰਾਪਤ ਕਰ ਸਕਦੇ ਹਨ।

2025/26 ਵਿੱਚ, 23vPPV ਦੀ ਇੱਕ ਖੁਰਾਕ ਲਈ ਸਬਸਿਡੀ HK$400 ਹੈ ਅਤੇ PCV15 ਦੀ ਇੱਕ ਖੁਰਾਕ ਲਈ ਸਬਸਿਡੀ HK$800 ਹੈ। ਡਾਕਟਰ ਵਾਧੂ ਫੀਸ ਲਗਾ ਸਕਦੇ ਹਨ, ਕੁਝ ਵਾਧੂ ਫੀਸ ਨਹੀਂ ਵੀ ਲੈ ਸਕਦੇ। ਜੇਕਰ ਡਾਕਟਰ ਵੀ HCV ਸਕੀਮ ਵਿੱਚ ਸ਼ਾਮਲ ਹੋਇਆ ਹੈ ਤਾਂ ਬਜ਼ੁਰਗ ਵਿਅਕਤੀ ਵਾਧੂ ਫੀਸ ਦਾ ਭੁਗਤਾਨ ਕਰਨ ਲਈ ਸਿਹਤ ਸੰਭਾਲ ਵਾਊਚਰ (HCV) ਦੀ ਵਰਤੋਂ ਕਰ ਸਕਦੇ ਹਨ।

### ਸਰਕਾਰੀ ਟੀਕਾਕਰਨ ਪ੍ਰੋਗਰਾਮ (GVP)

ਬਜ਼ੁਰਗ ਵਿਅਕਤੀਆਂ ਨੂੰ GVP ਅਧੀਨ ਅਧਿਕਾਰਿਤ ਜਨਤਕ ਕਲੀਨਿਕਾਂ 'ਤੇ ਨਿਊਮੋਕੋਕਲ ਟੀਕਾਕਰਨ **ਮੁਫ਼ਤ** ਮਿਲ ਸਕਦਾ ਹੈ ਜੇਕਰ ਉਹ ਹੇਠਾਂ ਦਿੱਤੇ ਯੋਗ ਸਮੂਹਾਂ ਵਿੱਚ ਆਉਂਦੇ ਹਨ:

- **ਉੱਚ-ਜੋਖਮ ਵਾਲੀਆਂ ਸਥਿਤੀਆਂ*** ਵਾਲੇ ਕਮਿਊਨਿਟੀ-ਰਹਿਣ ਵਾਲੇ ਬਜ਼ੁਰਗ ਵਿਅਕਤੀ* ਜੋ ਪਹਿਲਾਂ ਤੋਂ ਹੀ ਮਰੀਜ਼/ਗਾਹਕ/ਮਨੋਨੀਤ ਜਨਤਕ ਕਲੀਨਿਕਾਂ ਦੇ ਮੈਂਬਰ ਹਨ; ਜਾਂ
- ਕਮਿਊਨਿਟੀ ਵਿੱਚ ਰਹਿਣ ਵਾਲੇ ਬਜ਼ੁਰਗ ਵਿਅਕਤੀ ਜੋ ਵਿਆਪਕ ਸਮਾਜਿਕ ਸੁਰੱਖਿਆ ਸਹਾਇਤਾ ਪ੍ਰਾਪਤਕਰਤਾ ਹਨ ਜਾਂ ਵੈਧ ਸਰਟੀਫਿਕੇਟ ਦੇ ਧਾਰਕ ਹਨ (ਉੱਚ-ਜੋਖਮ ਵਾਲੀਆਂ ਸਥਿਤੀਆਂ ਦੇ ਨਾਲ/ਬਿਨਾਂ*); ਜਾਂ
- ਹਸਪਤਾਲ ਅਥਾਰਟੀ ਅਧੀਨ ਬਜ਼ੁਰਗ ਮਰੀਜ਼ ਜਿਨ੍ਹਾਂ ਨੂੰ **ਉੱਚ-ਜੋਖਮ ਵਾਲੀਆਂ ਸਥਿਤੀਆਂ*** ਹਨ (ਜਿਵੇਂ ਕਿ ਇਨਫਰਮਰੀ, ਮਨੋਰੋਗ-ਜੈਰੀਆਟ੍ਰਿਕ, ਮਾਨਸਿਕ ਤੌਰ 'ਤੇ ਬਿਮਾਰ ਜਾਂ ਮਾਨਸਿਕ ਤੌਰ 'ਤੇ ਅਪਾਹਜ ਯੂਨਿਟਾਂ/ਵਾਰਡਾਂ ਵਿੱਚ)।

### ਰਿਹਾਇਸ਼ੀ ਦੇਖਭਾਲ ਘਰ ਟੀਕਾਕਰਨ ਪ੍ਰੋਗਰਾਮ (RVP)

ਬਜ਼ੁਰਗਾਂ ਲਈ ਰਿਹਾਇਸ਼ੀ ਦੇਖਭਾਲ ਘਰਾਂ ਦੇ ਨਿਵਾਸੀ ਅਤੇ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਅਪਾਹਜ ਵਿਅਕਤੀਆਂ ਲਈ ਰਿਹਾਇਸ਼ੀ ਦੇਖਭਾਲ ਘਰਾਂ ਦੇ ਨਿਵਾਸੀ **ਮੁਫ਼ਤ** ਨਿਊਮੋਕੋਕਲ ਟੀਕਾਕਰਨ ਲਈ ਯੋਗ ਹਨ।

## *ਉੱਚ-ਜ਼ੋਖਮ ਵਾਲੀਆਂ ਸਥਿਤੀਆਂ ਵਿੱਚ ਸ਼ਾਮਲ ਹਨ:

- ਇਨਵੇਸਿਵ ਨਿਊਮੋਕੋਕਲ ਬਿਮਾਰੀ, ਸੇਰੇਬ੍ਰੋਸਪਾਈਨਲ ਤਰਲ ਲੀਕੇਜ ਜਾਂ ਕੋਕਲੀਅਰ ਇਮਪਲਾਂਟ ਦਾ ਇਤਿਹਾਸ
- ਪੁਰਾਣੀਆਂ ਦਿਲ ਦੀਆਂ ਨਾੜੀਆਂ (ਬਿਨਾਂ ਪੇਚੀਦਗੀਆਂ ਦੇ ਹਾਈਪਰਟੈਨਸ਼ਨ ਨੂੰ ਛੱਡ ਕੇ), ਫੇਫੜੇ, ਜਿਗਰ ਜਾਂ ਗੁਰਦੇ ਦੀਆਂ ਬਿਮਾਰੀਆਂ
- ਡਾਇਬੀਟੀਜ਼ ਮੇਲਾਈਟਸ ਜਾਂ ਮੋਟਾਪਾ ਸਮੇਤ ਮੈਟਾਬੋਲਿਕ ਬਿਮਾਰੀਆਂ (ਬਾਡੀ ਮਾਸ ਇੰਡੈਕਸ 30 ਜਾਂ ਇਸ ਤੋਂ ਵੱਧ)
- ਐਸਪਲੈਨਿਆ, ਹਿਊਮਨ ਇਮਯੂਨੋਡੈਫੀਸ਼ੈਂਸੀ ਵਾਇਰਸ ਇਨਫੈਕਸ਼ਨ/ਐਕਵਾਇਰਡ ਇਮਯੂਨੋ ਡੈਫੀਸ਼ੈਂਸੀ ਸਿੰਡਰੋਮ ਜਾਂ ਕੈਂਸਰ/ਸਟੀਰੌਇਡ ਇਲਾਜ ਵਰਗੀਆਂ ਸਥਿਤੀਆਂ ਕਾਰਨ ਕਮਜ਼ੋਰ ਇਮਯੂਨੋ ਸਿਸਟਮ ਨਾਲ ਸਬੰਧਤ ਇਮਯੂਨੋਕੰਪਰੋਮਾਈਜ਼ਡ ਸਥਿਤੀਆਂ।
- ਪੁਰਾਣੀਆਂ ਨਿਊਰੋਲੌਜੀਕਲ ਸਥਿਤੀਆਂ ਜੋ ਸਾਹ ਦੇ ਕਾਰਜਾਂ, ਸਾਹ ਦੇ ਰਿਸਾਵਾਂ ਨੂੰ ਸੰਭਾਲਣ ਵਿੱਚ ਰੁਕਾਵਟ ਪਾ ਸਕਦੀਆਂ ਹਨ, ਐਸਪੀਰੇਸ਼ਨ ਦੇ ਜੋਖਮ ਨੂੰ ਵਧਾ ਸਕਦੀਆਂ ਹਨ ਜਾਂ ਜਿਨ੍ਹਾਂ ਕੋਲ ਆਪਣੀ ਦੇਖਭਾਲ ਕਰਨ ਦੀ ਸਮਰੱਥਾ ਨਹੀਂ ਹੈ।



## 4. ਨਿਊਮੋਕੋਕਲ ਟੀਕੇ ਲਗਵਾਉਣ ਤੋਂ ਬਾਅਦ ਸੰਭਾਵੀ ਮਾੜੇ ਪ੍ਰਭਾਵ ਕੀ ਹਨ?

ਆਮ ਪ੍ਰਤੀਕੂਲ ਪ੍ਰਤੀਕ੍ਰਿਆਵਾਂ ਵਿੱਚ ਟੀਕੇ ਤੋਂ ਥੋੜ੍ਹੀ ਦੇਰ ਬਾਅਦ ਟੀਕੇ ਵਾਲੀ ਥਾਂ 'ਤੇ ਥੋੜ੍ਹੀ ਜਿਹੀ ਸੋਜ ਅਤੇ ਕੋਮਲਤਾ ਸ਼ਾਮਲ ਹੈ। ਕੁਝ ਲੋਕਾਂ ਨੂੰ ਬੁਖਾਰ, ਥਕਾਵਟ, ਸਿਰ ਦਰਦ, ਠੰਢ ਜਾਂ ਮਾਸਪੇਸ਼ੀਆਂ ਵਿੱਚ ਦਰਦ ਆਦਿ ਦਾ ਅਨੁਭਵ ਹੋ ਸਕਦਾ ਹੈ।

ਟੀਕਾਕਰਨ ਕਰਵਾਉਣਾ ਸੁਰੱਖਿਅਤ ਹੈ। ਆਮ ਤੌਰ 'ਤੇ, ਟੀਕਾਕਰਨ ਤੋਂ ਬਾਅਦ ਉਲਟ ਪ੍ਰਤਿਕਿਰਿਆਵਾਂ ਮਾਮੂਲੀ ਅਤੇ ਅਸਥਾਈ ਹੁੰਦੀਆਂ ਹਨ। ਜੇਕਰ ਤੁਹਾਨੂੰ ਲਗਾਤਾਰ ਬੁਖਾਰ, ਗੰਭੀਰ ਐਲਰਜੀ ਵਾਲੀਆਂ ਪ੍ਰਤੀਕ੍ਰਿਆਵਾਂ (ਜਿਵੇਂ ਕਿ ਸਾਹ ਲੈਣ ਵਿੱਚ ਮੁਸ਼ਕਲ, ਬੁੱਲ੍ਹਾਂ ਜਾਂ ਜੀਭ ਦੀ ਸੋਜ, ਜਾਂ ਛਪਾਕੀ, ਆਦਿ) ਜਾਂ ਟੀਕਾਕਰਨ ਤੋਂ ਬਾਅਦ ਹੋਰ ਪ੍ਰਤੀਕੂਲ ਘਟਨਾਵਾਂ ਦਾ ਅਨੁਭਵ ਹੁੰਦਾ ਹੈ, ਤਾਂ ਕਿਰਪਾ ਕਰਕੇ ਤੁਰੰਤ ਡਾਕਟਰ ਨਾਲ ਸਲਾਹ ਕਰੋ।



**ਬਜ਼ੁਰਗਾਂ ਨੂੰ ਟੀਕਾਕਰਨ ਸੇਵਾਵਾਂ ਪ੍ਰਾਪਤ ਕਰਨ ਲਈ ਆਪਣਾ ਹਾਂਗ ਕਾਂਗ ਨਿਵਾਸੀ ਪਛਾਣ ਦਸਤਾਵੇਜ਼ ਅਤੇ ਆਪਣੇ ਸਾਰੇ ਟੀਕਾਕਰਨ ਰਿਕਾਰਡ (ਜਿਵੇਂ ਕਿ ਟੀਕਾਕਰਨ ਕਾਰਡ) ਨਾਲ ਲਿਆਉਣੇ ਚਾਹੀਦੇ ਹਨ। ਡਾਕਟਰ ਢੁਕਵਾਂ ਟੀਕਾ ਦੇਣ ਤੋਂ ਪਹਿਲਾਂ ਟੀਕਾਕਰਨ ਰਿਕਾਰਡ ਦੀ ਜਾਂਚ ਕਰਨਗੇ।**



## ਪੁੱਛਗਿੱਛ

**2125 2125**

## ਸੀਐਚਪੀ ਵੈਬਸਾਈਟ

**www.chp.gov.hk**

## ਸਿਹਤ ਵਿਭਾਗ ਦੀ ਸਿਹਤ ਸਿੱਖਿਆ ਇਨਫੋ-ਲਾਈਨ

**2833 0111**

Vaccination Schemes

**# 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਪ੍ਰਾਪਤਕਰਤਾਵਾਂ ਨੂੰ ਈਹੈਲਥ ਲਈ ਰਜਿਸਟਰ ਕਰਨਾ ਲਾਜ਼ਮੀ ਹੈ।**

ਜੇਕਰ ਅੰਗਰੇਜ਼ੀ ਸੰਸਕਰਣ ਅਤੇ ਕਿਸੇ ਅਨੁਵਾਦਿਤ ਸੰਸਕਰਣ ਵਿੱਚ ਕੋਈ ਮਤਭੇਦ ਜਾਂ ਅਸਪੱਸ਼ਟਤਾ ਹੋਵੇ, ਤਾਂ ਅੰਗਰੇਜ਼ੀ ਸੰਸਕਰਣ ਹੀ ਮੰਨਣਯੋਗ ਹੋਵੇਗਾ।

Version 1